**ICSE SEMESTER 2 EXAMINATION**

**SPECIMEN QUESTION PAPER**

**PUNJABI (SECOND LANGUAGE)**

---

*Maximum Marks: 40*

*Time allowed: One and a half hours*

*Answers to this Paper must be written on the paper provided separately.*

*You will not be allowed to write during the first 10 minutes.*

*This time is to be spent in reading the question paper.*

*The time given at the head of this Paper is the time allowed for writing the answers.*

---

***Section A** is compulsory.*

***Section B** - Answer questions from **any two books** that you have studied.*

*The intended marks for questions or parts of questions are given in brackets [ ].*

---

**SECTION A**

*(Attempt **all** questions.)*

**Question 1**

Write a short composition in Punjabi of approximately 200 words on ***any one*** of the following topics: [12]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ 200 ਸ਼ਬਦਾਂ ਦਾ ਲੇਖ ਲਿਖੋ:

(i) 'ਮਨੁੱਖ ਦਾ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿੱਚ ਸਭ ਤੋਂ ਵੱਡਾ ਹੱਥ ਹੈ'। ਇਸ ਕਥਨ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲੇਖ ਲਿਖੋ।

(ii) ਕਿਸੇ ਅਜਿਹੀ ਸ਼ਖਸ਼ੀਅਤ ਬਾਰੇ ਲੇਖ ਲਿਖੋ, ਜਿਸਨੇ ਤੁਹਾਨੂੰ ਬਹੁਤ ਪ੍ਰਭਾਵਿਤ ਕੀਤਾ ਹੋਵੇ ਅਤੇ ਉਹ ਸ਼ਖਸ਼ੀਅਤ ਤੁਹਾਡਾ ਆਦਰਸ਼ ਹੋਵੇ।

(iii) 'ਤੁਹਾਡੇ ਸੁਪਨਿਆਂ ਦਾ ਸਕੂਲ'। ਵਿਸ਼ੇ ਨੂੰ ਮੁੱਖ ਰੱਖਦਿਆਂ ਦੱਸੋ ਕਿ ਤੁਸੀਂ ਕਿਹੋ ਜਿਹੇ ਸਕੂਲ ਵਿੱਚ ਪੜ੍ਹਨਾ ਪਸੰਦ ਕਰੋਗੇ, ਉਸਦੀ ਇਮਾਰਤ, ਜਗ੍ਹਾਂ, ਵਿਦਿਆਰਥੀ ਅਤੇ ਅਧਿਆਪਕ ਆਦਿ ਕਿਹੋ ਜਿਹੇ ਹੋਣੇ ਚਾਹੀਦੇ ਹਨ?

(iv) ਅਸੀਂ ਬੱਸ ਵਿੱਚ ਚੜ੍ਹਨ ਹੀ ਲੱਗੇ ਸੀ ਕਿ............ ਇਨ੍ਹਾਂ ਲਾਈਨਾਂ ਨਾਲ ਸ਼ੁਰੂ ਹੋਣ ਵਾਲੀ ਕੋਈ ਮੌਲਿਕ ਕਹਾਣੀ ਲਿਖੋ।

(v) ਹੇਠ ਦਿੱਤੀ ਤਸਵੀਰ ਨੂੰ ਵੇਖ ਕੇ ਤੁਹਾਡੇ ਮਨ ਵਿੱਚ ਜੋ ਖਿਆਲ ਪੈਦਾ ਹੁੰਦੇ ਹਨ, ਉਹਨਾਂ ਨੂੰ ਕਿਸੇ ਘਟਨਾ, ਮੌਲਿਕ ਕਹਾਣੀ ਜਾਂ ਲੇਖ ਰਾਹੀਂ ਪੇਸ਼ ਕਰੋ।



**Question 2**

Write a letter in Punjabi in approximately 120 words on ***any one*** of the topics given below. [8]

ਹੇਠ ਲਿਖਿਆਂ ਵਿੱਚੋਂ ਇੱਕ ਵਿਸ਼ੇ 'ਤੇ 120 ਸ਼ਬਦਾਂ ਦੀ ਚਿੱਠੀ ਪੱਤਰ ਲਿਖੋ:-

(i) ਤੁਸੀਂ ਇੱਕ ਹਫਤੇ ਲਈ ਆਪਣੇ ਕਿਸੇ ਮਿੱਤਰ ਦੇ ਘਰ ਠਹਿਰੇ। ਤੁਹਾਡੇ ਮਿੱਤਰ ਅਤੇ ਉਸਦੇ ਪਰਿਵਾਰ ਨੇ ਤੁਹਾਡੀ ਬਹੁਤ ਆਓ ਭਗਤ ਕੀਤੀ। ਆਪਣੇ ਮਿੱਤਰ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਆਪਣੇ ਮਿੱਤਰ ਅਤੇ ਉਸਦੇ ਪਰਿਵਾਰ ਦਾ ਧੰਨਵਾਦ ਕੀਤਾ ਗਿਆ ਹੋਵੇ।

**ਜਾਂ**

(ii) ਆਪਣੇ ਸਕੂਲ ਦੇ ਮੁੱਖ-ਅਧਿਆਪਕ ਨੂੰ ਇਕ ਅਰਜ਼ੀ ਲਿਖੋ ਜਿਸ ਵਿੱਚ ਇਹ ਸ਼ਿਕਾਇਤ ਕੀਤੀ ਗਈ ਹੋਵੇ ਕਿ ਤੁਹਾਡੇ ਸਕੂਲ ਦੇ ਵੱਡੀਆਂ ਕਲਾਸਾਂ ਦੇ ਵਿਦਿਆਰਥੀ, ਛੋਟੇ ਬੱਚਿਆਂ ਨੂੰ ਤੰਗ-ਪ੍ਰੇਸ਼ਾਨ ਕਰਦੇ ਹਨ।

## SECTION B

*Answer questions from* ***any of the two books*** *that you have studied.*

*ਤੁਸੀਂ ਜਿਹੜੀਆਂ ਦੋ ਪੁਸਤਕਾਂ ਪੜ੍ਹੀਆਂ ਹਨ ਉਨ੍ਹਾਂ ਵਿੱਚੋਂ ਦੋ ਪ੍ਰਸ਼ਨ ਹੱਲ ਕਰਨੇ ਹਨ।*

### ਕਥਾ- ਸੰਵੇਦਨਾ

**Question 3**

(i) ਬੁੜ੍ਹੀਆਂ ਮੋਹਨ ਸਿੰਘ ਕੋਲੋ ਚਿੱਠੀ ਵਿੱਚ ਕੀ ਲਿਖਵਾਉਂਦੀਆਂ ਸਨ? [2]

(ii) ਰੱਬ ਧਰਤੀ ਤੇ ਕਿਓਂ ਆਇਆ ਸੀ? [2]

(iii) ਤੁਹਾਡੇ ਵਿਚਾਰ ਅਨੁਸਾਰ ਗੋਪਾਲ ਸਿੰਘ ਦਾ ਜਿਊਣ ਸਿੰਘ ਅਤੇ ਉਸਦੇ ਪਰਿਵਾਰ ਪ੍ਰਤੀ ਵਿਵਹਾਰ ਸਹੀ ਸੀ ਜੇਕਰ ਨਹੀਂ ਤਾਂ ਕਿਉਂ? [3]

(iv) ਕਪੂਰ ਸਿੰਘ ਅਤੇ ਦਰਬਾਰੇ ਵਿਚਕਾਰ ਲੜਾਈ ਦਾ ਕੀ ਕਾਰਨ ਸੀ? ਉੱਤਰ ਛੇ-ਸੱਤ ਲਾਈਨਾਂ ਵਿੱਚ ਲਿਖੋ। [3]

### ਕਾਵਿ-ਸੰਵੇਦਨਾ

**Question 4**

(i) ਕਵੀ ਰੁੱਖਾਂ ਦੀ ਤੁਲਨਾ ਰਿਸ਼ਤੇ-ਨਾਤਿਆਂ ਨਾਲ ਕਿਵੇਂ ਕਰਦਾ ਹੈ? [2]

(ii) ਮੇਰਾ ਬਚਪਨ ਕਵਿਤਾਂ ਵਿੱਚ ਕਵੀ ਆਪਣੇ ਬਚਪਨ ਬਾਰੇ ਕੀ ਦੱਸਦਾ ਹੈ? [2]

(iii) 'ਜੀਉਂਦੇ ਭਗਵਾਨ? ਕਵਿਤਾ ਵਿੱਚ ਕਵੀ ਕਿਸ ਦੀ ਪੂਜਾ ਕਰਨ ਲਈ ਕਹਿੰਦਾ ਹੈ ਅਤੇ ਕਿਓ? [3]

(iv) 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਵਿੱਚ ਇਤਿਹਾਸ ਦੀ ਕਿਹੜੀ ਘਟਨਾ ਬਾਰੇ ਵਰਨਣ ਮਿਲਦਾ ਹੈ। ਸੰਖੇਪ ਵਿੱਚ ਵੇਰਵਾ ਦਿਓ। [3]

## ਮੰਚ-ਮਹਿਕ

**Question 5**

(i) 'ਰਘੁਨਾਥ ਜੋ ਨਸੀਹਤ ਦਿੰਦਾ ਹੈ ਉਸਤੇ ਖੁਦ ਪੂਰਾ ਨਹੀਂ ਉਤਰਦਾ' ਇਕਾਂਗੀ ਵਿੱਚੋ ਇਸ ਗੱਲ ਦਾ ਪਤਾ ਕਿਵੇਂ ਲਗਦਾ ਹੈ? [2]

(ii) 'ਪਰਤ ਆਉਂਣ ਤੱਕ' ਇਕਾਂਗੀ ਵਿੱਚ ਲੇਖਕ ਕੀ ਸੰਦੇਸ਼ ਦੇਣਾ ਚਾਹੁੰਦਾ ਹੈ? [2]

(iii) ਸੱਜਣ ਦੇ ਸੁਭਾਅ ਬਾਰੇ ਤੁਸੀਂ ਕੀ ਜਾਣਦੇ ਹੋ? [3]

(iv) ਦੁਕਾਨਦਾਰ ਖਾਣ-ਪੀਣ ਦੀਆਂ ਚੀਜਾਂ ਵਿਚ ਕੀ-ਕੀ ਮਿਲਾਵਟਾਂ ਕਰਦੇ ਹਨ? 'ਦੁਸ਼ਮਣ' ਇਕਾਂਗੀ ਦੇ ਅਧਾਰ 'ਤੇ ਲਿਖੋ। [3]

## ਪਤਾਲ ਦੇ ਗਿੱਠ-ਮੁਠੀਏ

**Question 6**

(i) ਸੈਨਾਪਤੀ ਗੁਲੇਲ ਨੇ ਨਿੱਕੂ ਨੂੰ ਚਾਨਣ ਪੱਥਰ ਜੇਬ ਵਿੱਚੋਂ ਕੱਢਣ ਤੋਂ ਕਿਓਂ ਰੋਕ ਦਿੱਤਾ ਸੀ। [2]

(ii) ਰਾਜਰਾਣੀ ਮੇਗਣ ਦੀ ਮੌਤ ਕਿਵੇਂ ਹੋਈ? [2]

(iii) ਨਿੱਕੂ ਨੇ ਖੂੰਖਾਰ ਕੀੜਿਆਂ ਅਤੇ ਮਾਸਾਹਾਰੀ ਸੁੰਡੀਆਂ ਦਾ ਮੁਕਾਬਲਾ ਕਿਵੇਂ ਕੀਤਾ? [3]

(iv) ਮਾੜਣੂੰ ਰਾਜੇ ਦੇ ਸੁਭਾਅ ਬਾਰੇ ਤੁਸੀਂ ਕੀ ਜਾਣਦੇ ਹੋ? [3]